# ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
# ਕਮ ਵਧੀਕ ਜਿਲਾ ਪ੍ਰੋਗਰਾਮ ਕੁਆਰਡੀਨੇਟਰ(ਮਗਨਰੇਗਾ), ਲੁਧਿਆਣਾ

ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜਗਾਰ ਗਾਂਰਟੀ (ਮਗਨਰੇਗਾ) ਸਕੀਮ ਸਾਲ 2015-16 ਦੀ ਭਰਤੀ ਅਧੀਨ ਡਾਟਾ ਐਂਟਰੀ ਆਪਰੇਟਰ,ਟੀ.ਏ ਅਤੇ ਅਕਾਉਂਟੈਂਟ ਦੇ ਪ੍ਰਾਰਥੀਆਂ ਵਲੋਂ ਜਮਾ ਕਰਵਾਏ ਗਏ ਫਾਰਮ ਅਤੇ ਦਸਤਾਵੇਜਾਂ ਨੂੰ ਤੈਅ ਕੀਤੇ ਮਾਪਦੰਡਾਂ ਅਨੁਸਾਰ ਮੁਲਾਂਕਣ ਕਰਕੇ ਪ੍ਰੋਵਿਜਨਲ ਲਿਸਟ ਤਿਆਰ ਕੀਤੀ ਗਈ ਹੈ ਜੋ ਕਿ ਵੈਬਸਾਇਟ www.ludhiana.nic.in ਤੇ ਉਪਲਬਧ ਹੈ।ਜਿਹਨਾਂ ਪ੍ਰਾਰਥੀਆਂ ਵੱਲੋ ਇਸ ਲਿਸਟ ਅਨੁਸਾਰ ਆਪਣੇ ਅੰਕਾਂ ਦੇ ਮੁਲਾਂਕਣ ਦਾ ਰਿਵੈਲੂਏਸ਼ਨ ਕਰਵਾਉਣਾ ਹੋਵੇ ਉਹ ਪ੍ਰਾਰਥੀ 100/- ਰੁਪਏ ਫੀਸ ਦੇ ਕੇ ਆਪਣੀ ਅਰਜੀ ਮਿਤੀ 23-11-2015 ਤੋਂ 27-11-2015 ਤੱਕ ਬਾਅਦ ਦੁਪਹਿਰ 3:00 **pm** ਤੋਂ 5:00 **pm** ਨਿਜੀ ਤੌਰ ਤੇ ਪੇਸ਼ ਹੋ ਕੇ ਨਿਮਨਹਸਤਾਖਰ ਦੇ ਦਫਤਰ ਵਿਖੇ ਮਗਨਰੇਗਾ ਬਰਾਂਚ ਵਿੱਚ ਆਪਣੇ ਅਸਲ ਦਸਤਾਵੇਜ ਵਿਖਾ ਕੇ ਜਮਾਂ ਕਰਾ ਸਕਦੇ ਹਨ।ਇਸ ਦੇ ਨਾਲ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਪ੍ਰਾਰਥੀ ਵੱਲੋ ਪਹਿਲਾ ਤੋ ਹੀ ਜਮਾ ਕਰਵਾਏ ਗਏ ਫਾਰਮ ਵਿੱਚ ਦਰਜ ਯੋਗਤਾ/ਤਜਰਬਾ ਸਬੰਧੀ ਦਸਤਾਵੇਜ ਹੀ ਕਲੇਮ ਕੀਤੇ ਜਾਣਗੇ। ਮਿੱਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਕੋਈ ਵੀ ਅਰਜੀ ਨੂੰ ਵਿਚਾਰਿਆ ਨਹੀਂ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ
ਲੁਧਿਆਣਾ।

# ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
# ਕਮ ਵਧੀਕ ਜਿਲਾ ਪ੍ਰੋਗਰਾਮ ਕੁਆਰਡੀਨੇਟਰ(ਮਗਨਰੇਗਾ), ਲੁਧਿਆਣਾ

ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜਗਾਰ ਗਾਂਰਟੀ (ਮਗਨਰੇਗਾ) ਸਕੀਮ ਸਾਲ 2015-16 ਦੀ ਭਰਤੀ ਅਧੀਨ ਗਰਾਮ ਰੋਜਗਾਰ ਸਹਾਇਕ (ਜੀ.ਆਰ.ਐਸ) ਦਾ ਮੁਲਤਵੀ ਕੀਤਾ ਗਿਆ ਲਿਖਤੀ ਟੈਸਟ ਮਿਤੀ 13-12-2015 ਨੂੰ ਹੋਵੇਗਾ । ਇਸ ਦੇ ਰੋਲ ਨੰ ,ਸਥਾਨ ਅਤੇ ਸਮੇਂ ਸਬੰਧੀ ਸੂਚਨਾ ਮਿਤੀ 04-12-2015 ਨੂੰ ਦਿੱਤੀ ਜਾਵੇਗੀ।ਲਿਖਤੀ ਟੈਸਟ ਵਿੱਚ ਗੈਰਹਾਜਰ ਪ੍ਰਾਰਥੀ ਦੀ ਅਰਜੀ ਨੂੰ ਖਾਰਜ ਸਮਝਿਆ ਜਾਵੇਗਾ ਅਤੇ ਉਸ ਨੂੰ ਮੈਰਿਟ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਇਸਦੇ ਨਾਲ ਹੀ ਜੇਕਰ ਕਿਸੇ ਪ੍ਰਾਰਥੀ ਦਾ ਰੋਲ ਨੰ ਵੈਬਸਾਈਟ **ludhiana.nic.in** ਤੇ ਉਪਲਬਧ ਨਹੀਂ ਹੈ ਤਾਂ ਉਹ ਪ੍ਰਾਰਥੀ ਮਿਤੀ 09-12-2015 ਤੱਕ ਨਿੱਜੀ ਤੋਰ ਤੇ ਨਿਮਨਹਸਤਾਖਰ ਦੇ ਦਫਤਰ ਦੇ ਮਗਨਰੇਗਾ ਬਰਾਂਚ ਤੋਂ ਪ੍ਰਾਪਤ ਕਰ ਸਕਦੇ ਹਨ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ
ਵਧੀਕ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ
ਲੁਧਿਆਣਾ।